# Meridian Health ਦੁਆਰਾ ਮੁਹੱਈਆ ਕਰਵਾਏ ਵਿੱਤੀ ਸਹਾਇਤਾ ਪ੍ਰੋਗਰਾਮ

**ਵਿੱਤੀ ਸਲਾਹਕਾਰ:**

Meridian Health (ਮੈਰੀਡਿਅਨ ਹੈਲਥ) ਦੇ ਵਿੱਤੀ ਸਲਾਹਕਾਰ (ਫਾਇਨੈਨਸ਼ੀਅਲ ਕੌਂਸਿਲਰ), ਵਿੱਤੀ ਸਹਾਇਤਾ ਪ੍ਰੋਗਰਾਮਾਂ ਬਾਰੇ ਜਾਣਕਾਰੀ, (ਉਹਨਾਂ ਦੀ) ਅਰਜ਼ੀ ਦੀ ਪ੍ਰਕਿਰਿਆ, ਅਤੇ ਅਰਜ਼ੀ ਨੂੰ ਪੂਰਾ ਕਰਨ ਵਿੱਚ ਮਦਦ ਦੇਣ ਲਈ ਮੌਜੂਦ ਹਨ । Meridian Health (ਮੈਰੀਡਿਅਨ ਹੈਲਥ) ਵਿੱਤੀ ਸਲਾਹਕਾਰ ਇੱਥੇ ਸਥਿਤ ਹਨ:

Jersey Shore University Medical Center, Neptune
Ocean Medical Center, Brick
Riverview Medical Center, Red Bank
Southern Ocean Medical Center, Manahawkin
Bayshore Community Hospital, Holmdel
Meridian Family Health Center, Neptune
Jane H Booker Family Health Center, Neptune
Booker Behavioral Health Center, Shrewsbury
Parkway 100 Behavioral Health Center, Neptune
Raritan Bay Medical Center, Perth Amboy

ਵਿੱਤੀ ਸਹਾਇਤਾ ਸਲਾਹਕਾਰ ਇਨ੍ਹਾਂ ਥਾਂਵਾਂ ਤੇ ਇੰਟਰਵਿਊ ਅਤੇ ਸਵਾਲਾਂ ਦੇ ਜਵਾਬ ਦੇਣ ਲਈ ਸਥਿਤੀ ਤੇ ਮੌਜੂਦ ਹੁੰਦੇ ਹਨ। ਮਿਲਣ ਦਾ ਸਮਾਂ (ਮੁਲਾਕਾਤ) ਤੈਅ ਕਰਨ ਲਈ, ਬਿਨੈਕਾਰਾਂ ਨੂੰ 732 212-6505 ਤੇ ਫ਼ੋਨ ਕਰਨਾ ਚਾਹੀਦਾ ਹੈ।

**ਆਪਣੀ ਵਿੱਤੀ ਸਹਾਇਤਾ ਮੁਲਾਕਾਤ ਵੇਲੇ ਕੀ ਲਿਆਉਣ ਦੀ ਜਰੂਰਤ ਹੈ:**

ਵਿੱਤੀ ਸਹਾਇਤਾ ਦੇ ਬਿਨੈਕਾਰਾਂ ਦਾ ਪਛਾਣ, NJ ਦੀ ਰਿਹਾਇਸ਼, ਆਮਦਨ ਦਾ ਸਬੂਤ, ਅਤੇ ਬੈਂਕ ਸਟੇਟਮੈਂਟਾਂ ਦੇਣਾ ਜ਼ਰੂਰੀ ਹੈ।

**ਅਰਜ਼ੀ ਤੇ ਫੈਸਲੇ ਬਾਰੇ ਸੂਚਨਾ:**

ਸਾਰੇ ਬਿਨੈਕਾਰ 10 ਦਿਨਾਂ ਦੇ ਅੰਦਰ-ਅੰਦਰ ਫੈਸਲੇ ਦੀ ਇੱਕ ਵਿਆਖਿਆ ਨਾਲ ਲਿਖਤੀ ਨੋਟਿਸ ਪ੍ਰਾਪਤ ਕਰਨਗੇ ਕਿ ਕੀ ਉਨ੍ਹਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜਾਂ ਨਾਮਨਜ਼ੂਰ ਕੀਤਾ ਗਿਆ ਹੈ।

Meridian Health (ਮੈਰੀਡਿਅਨ ਹੈਲਥ) ਬਿਨਾਂ ਬੀਮਾ ਵਾਲੇ ਮਰੀਜ਼ਾਂ ਨੂੰ ਵਿੱਤੀ ਸਹਾਇਤਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ। ਇੱਕ ਬਿਨਾਂ ਬੀਮਾ ਵਾਲਾ ਵਿਅਕਤੀ ਕੋਈ ਅਜਿਹਾ ਵਿਅਕਤੀ ਹੈ ਜਿਸ ਕੋਲ, ਕਿਸੇ ਸਰਕਾਰੀ ਪ੍ਰੋਗਰਾਮ ਸਮੇਤ, ਕੋਈ ਹੋਰ ਸਿਹਤ ਬੀਮਾ ਨਹੀਂ ਹੈ।

**ਵਿੱਤੀ ਸਹਾਇਤਾ ਕਿਵੇਂ ਪ੍ਰਾਪਤ ਕੀਤੀ ਜਾਏ:**

**ਉਦਾਹਰਨ 1:** ਤੁਹਾਡੇ ਕੋਲ ਕੋਈ ਬੀਮਾ ਨਹੀਂ ਹੈ।

- ਤੁਸੀਂ ਖੁਲ੍ਹੇ ਨਾਮਾਂਕਨ ਦੌਰਾਨ www.healthcare.gov 'ਤੇ ਜਾ ਕੇ Health Insurance Exchange (ਸਿਹਤ ਬੀਮਾ ਐਕਸਚੇਂਜ) ਰਾਹੀਂ ਬੀਮੇ ਲਈ ਆਵੇਦਨ ਦੇ ਸਕਦੇ ਹੋ।
- ਜੇ ਤੁਹਾਡੀ ਸਾਲਾਨਾ ਘਰੇਲੂ ਆਮਦਨ ਸੰਘੀ ਗਰੀਬੀ ਦੇ ਪੱਧਰ (FPL) ਦੇ 138% ਦੇ ਬਰਾਬਰ ਜਾਂ ਉਸ ਤੋਂ ਘੱਟ ਹੈ ਤਾਂ ਤੁਸੀਂ ਸਟੇਟ ਆਫ਼ NJ ਮੈਡੀਕੇਡ ਪ੍ਰੋਗਰਾਮ ਲਈ ਯੋਗ ਹੋ ਸਕਦੇ ਹੋ। ਜੇ ਹਸਪਤਾਲ ਦੁਆਰਾ ਮੰਗ ਕੀਤੀ ਜਾਏ, ਤਾਂ ਤੁਹਾਡਾ ਮੈਡੀਕੇਡ ਲਈ ਅਰਜ਼ੀ ਕਰਨਾ, ਅਰਜ਼ੀ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਸਹਿਯੋਗ ਦੇਣਾ, ਅਤੇ ਆਪਣੇ ਮੈਡੀਕੇਡ ਬੀਮੇ ਨੂੰ ਸਾਲਾਨਾ ਤੌਰ ਤੇ ਨਵੀਕ੍ਰਤ ਕਰਵਾਉਣਾ ਜ਼ਰੂਰੀ ਹੈ।

**ਉਦਾਹਰਨ 2:** ਤੁਸੀਂ ਮੈਡੀਕੇਡ ਲਈ ਅਰਜ਼ੀ ਦਿੱਤੀ ਸੀ ਪਰ ਸਟੇਟ ਨੇ ਨਾਮਨਜ਼ੂਰ ਕਰ ਦਿੱਤੀ ਸੀ ਜਾਂ ਸਿਹਤ ਬੀਮਾ ਐਕਸਚੇਂਜ ਬੰਦ ਹੋ ਗਿਆ ਸੀ।

- ਤੁਸੀਂ **NJ** ਹਸਪਤਾਲ ਦੇਖਭਾਲ ਭੁਗਤਾਨ ਸਹਾਇਤਾ ਪ੍ਰੋਗਰਾਮ ਦੇ ਯੋਗ ਹੋ ਸਕਦੇ ਹੋ, ਜੋ ਹਸਪਤਾਲ ਸੇਵਾਵਾਂ ਅਤੇ ਕੁਝ ਖਾਸ ਡਾਕਟਰੀ ਵਿਜ਼ਿਟਾਂ **(ਦੌਰਿਆਂ)** ਨੂੰ ਕਵਰ ਕਰੇਗਾ। ਤੁਹਾਡੇ ਤੇ ਇਸ ਪ੍ਰੋਗਰਾਮ ਲਈ ਵਿਚਾਰ ਕੀਤੇ ਜਾਣ ਲਈ**,** ਤੁਹਾਡਾ ਚੈਰਿਟੀ ਕੇਅਰ ਐਪਲੀਕੇਸ਼ਨ ਦੀ ਵਰਤੋਂ ਕਰਕੇ ਆਵੇਦਨ ਕਰਨਾ ਅਤੇ ਅਰਜ਼ੀ ਦੀ ਕਾਰਵਾਈ ਵਿੱਚ ਪੂਰੀ ਤਰ੍ਹਾਂ ਸਹਿਯੋਗ ਦੇਣਾ ਜ਼ਰੂਰੀ ਹੈ। ਤੁਹਾਨੂੰ ਆਮ ਤੌਰ ਤੇ ਬਿਲ ਕੀਤੀ ਜਾਣ ਵਾਲੀਆਂ ਧਨ-ਰਾਸ਼ੀਆਂ ਤੋਂ ਵੱਧ ਚਾਰਜ ਨਹੀਂ ਕੀਤਾ ਜਾਏਗਾ।

**ਉਦਾਹਰਨ 3:** ਤੁਸੀਂ ਮੈਡੀਕੇਡ ਜਾਂ NJ ਹਸਪਤਾਲ ਦੇਖਭਾਲ ਭੁਗਤਾਨ ਸਹਾਇਤਾ ਪ੍ਰੋਗਰਾਮ ਦੇ ਯੋਗ ਨਹੀਂ ਹੁੰਦੇ ਹੋ।

- ਜੇ ਤੁਸੀਂ ਜਾਂ ਤਾਂ ਸਟੇਟ ਆਫ਼ ਮੈਡੀਕੇਡ ਜਾਂ NJ ਹਸਪਤਾਲ ਦੇਖਭਾਲ ਭੁਗਤਾਨ ਸਹਾਇਤਾ ਪ੍ਰੋਗਰਾਮ ਦੇ ਯੋਗ ਨਹੀਂ ਹੁੰਦੇ ਹੋ ਤਾਂ ਤੁਸੀਂ ਛੋਟ ਦੀਆਂ ਦਰਾਂ ਤੇ ਬਿਨਾਂ ਬੀਮੇ ਵਾਲੇ ਮੁੱਲ ਪ੍ਰਾਪਤ ਕਰੋਗੇ। ਤੁਹਾਨੂੰ ਐਮਰਜੈਂਸੀ ਸੇਵਾਵਾਂ ਜਾਂ ਡਾਕਟਰੀ ਤੌਰ ਤੇ ਜ਼ਰੂਰੀ ਸੇਵਾਵਾਂ ਲਈ ਆਮ ਤੌਰ ਤੇ ਬਿਲ ਕੀਤੀ ਜਾਣ ਵਾਲੀਆਂ ਰਾਸ਼ੀਆਂ ਤੋਂ ਵੱਧ ਚਾਰਜ ਨਹੀਂ ਕੀਤਾ ਜਾਏਗਾ ਅਤੇ ਐਮਰਜੈਂਸੀ ਸੇਵਾਵਾਂ ਪ੍ਰਾਪਤ ਕਰਨ ਲਈ ਕਦੀ ਵੀ ਐਡਵਾਂਸ ਭੁਗਤਾਨ (ਪੇਸ਼ਗੀ/ਪੇਮੈਂਟ) ਕਰਨ ਜਾਂ ਹੋਰ ਭੁਗਤਾਨ ਪ੍ਰਬੰਧ ਕਰਨ ਦੀ ਲੋੜ ਨਹੀਂ ਪਏਗੀ। ਤੁਹਾਨੂੰ ਗੈਰ-ਐਮਰਜੈਂਸੀ ਸੇਵਾਵਾਂ ਪ੍ਰਾਪਤ ਕਰਨ ਲਈ ਇੱਕ ਐਡਵਾਂਸ ਡਿਪਾਜ਼ਿਟ ਦੇਣ ਦੀ ਲੋੜ ਪੈ ਸਕਦੀ ਹੈ।

Meridian Health (ਮੈਰੀਡਿਅਨ ਹੈਲਥ) ਦੀ ਵਿੱਤੀ ਸਹਾਇਤਾ ਨੀਤੀ ਦੀ ਇੱਕ ਮੁਫ਼ਤ ਕਾਪੀ, ਅਤੇ ਐਪਲੀਕੇਸ਼ਨ ਫਾਰਮ Meridianhealth.com 'ਤੇ, "ਤੁਹਾਡੇ ਬਿੱਲ" ਪੇਜ ਦੇ ਤਹਿਤ ਮੌਜੂਦ ਹਨ। ਮੁਫ਼ਤ ਕਾਪਿਆਂ ਹਰੇਕ Meridian Health (ਮੈਰੀਡਿਅਨ ਹੈਲਥ) ਹਸਪਤਾਲ ਵਿੱਚ ਮੌਜੂਦ ਹਨ ਜਾਂ **732.902.7080** ਤੇ ਕਾਲ ਕਰਕੇ ਮੰਗਵਾਈਆਂ ਜਾ ਸਕਦੀਆਂ ਹਨ।